ਜੁਲਾਈ 2021

# ਉਦਾਹਰਨ 3: CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ - ਵੱਡੀ ਥਾਂ ਵਾਲੀ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸਹੂਲਤ ਵਿੱਚ

ਪ੍ਰਕਾਸ਼ਨ 1854 ਜੁਲਾਈ 2021 ਵਿੱਚ ਪ੍ਰਕਾਸ਼ਿਤ ਦਿਸ਼ਾ-ਨਿਰਦੇਸ਼

## ਕੰਮ ਕਰਨ ਲਈ ਵੱਡੀ ਥਾਂ, ਪਰ ਸੀਮਤ ਅੱਗ ਸੁਰੱਖਿਆ ਪ੍ਰਣਾਲੀਆਂ ਵਾਲੀ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸਹੂਲਤ

ਇਸ ਉਦਾਹਰਨ ਦਾ ਉਦੇਸ਼ ਇੱਕ ਟ੍ਰਾਂਸਫਰ ਸਟੇਸ਼ਨ 'ਤੇ ਜਲਣਸ਼ੀਲ ਰੀਸਾਈਕਲ ਅਤੇ ਕੂੜਾ-ਕਰਕਟ ਸਮੱਗਰੀ ਦੇ ਪ੍ਰਬੰਧਨ ਅਤੇ ਸਟੋਰੇਜ - ਦਿਸ਼ਾ-ਨਿਰਦੇਸ਼ (ਪ੍ਰਕਾਸ਼ਨ 1667) (ਇਹ ਦਿਸ਼ਾ-ਨਿਰਦੇਸ਼) **ਦੇ ਪ੍ਰਬੰਧਨ ਅਤੇ ਸਟੋਰੇਜ ਵਿੱਚ ਦੱਸੇ ਗਏ ਅੱਗ ਲੱਗਣ ਦੇ ਜ਼ੋਖਮ ਦੇ ਪ੍ਰਬੰਧਨ ਸਿਧਾਂਤਾਂ ਨੂੰ ਲਾਗੂ ਕਰਨ ਵਿੱਚ ਤੁਹਾਡੀ ਮੱਦਦ ਕਰਨਾ ਹੈ।**

ਅਸੀਂ ਇਹ ਉਦਾਹਰਨ ਤੁਹਾਡੀ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸੁਵਿਧਾ ਮੈਨੇਜਰ ਦੇ ਤੌਰ 'ਤੇ ਇਹ ਚੰਗੀ ਤਰ੍ਹਾਂ ਸਮਝਣ ਲਈ ਮੱਦਦ ਕਰਨ ਲਈ ਤਿਆਰ ਕੀਤੀ ਹੈ ਕਿ ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ (CRWM) ਨਾਲ ਜੁੜੇ ਅੱਗ ਲੱਗਣ ਦੇ ਜ਼ੋਖਮ ਦਾ ਪ੍ਰਬੰਧਨ ਕਿਵੇਂ ਕਰਨਾ ਹੈ, ਅਤੇ ਅਤੇ ਵਿਕਟੋਰੀਆ ਦੇ ਨਵੇਂ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਿਵੇਂ ਕਰਨੀ ਹੈ।

ਇਹ ਉਦਾਹਰਨ:

- ਸਿਰਫ਼ ਇੱਕ ਗਾਈਡ ਦੇ ਤੌਰ 'ਤੇ ਵਰਤਣ ਲਈ ਹੈ। ਤੁਹਾਡੇ ਆਪਣੇ ਜ਼ੋਖਮ ਮੁਲਾਂਕਣ ਅਤੇ ਜ਼ੋਖਮ ਪ੍ਰਬੰਧਨ ਪ੍ਰਕਿਰਿਆ ਲਈ ਕਾਫ਼ੀ ਜ਼ਿਆਦਾ ਵੇਰਵਿਆਂ ਦੀ ਲੋੜ ਹੋ ਸਕਦੀ ਹੈ। ਜਿੱਥੇ ਉਚਿੱਤ ਹੋਵੇ, ਤੁਹਾਨੂੰ ਕਾਨੂੰਨੀ ਸਲਾਹ ਲੈਣ ਜਾਂ ਅੱਗ ਸੁਰੱਖਿਆ ਮਾਹਰ ਨਾਲ ਸਲਾਹ ਕਰਨ ਦੀ ਵੀ ਲੋੜ ਪੈ ਸਕਦੀ ਹੈ
- ਦਰਸਾਉਂਦੀ ਹੈ ਕਿ ਵੱਖ-ਵੱਖ ਆਕਾਰ ਅਤੇ ਕਿਸਮ ਦੀਆਂ ਸਹੂਲਤਾਂ 'ਤੇ ਮੌਜੂਦ ਮੁੱਖ ਅੱਗ ਲੱਗਣ ਦੇ ਜ਼ੋਖਮਾਂ ਦਾ ਮੁਲਾਂਕਣ ਅਤੇ ਨਿਯੰਤਰਣ ਕਰਨ ਲਈ ਚਾਰ ਬੁਨਿਆਦੀ ਕਦਮਾਂ ਦੀ ਪਾਲਣਾ ਕਿਵੇਂ ਕਰਨੀ ਹੈ
- ਕੁੱਝ ਉਪਾਅ ਸ਼ਾਮਲ ਕਰਦੀ ਹੈ ਜੋ ਤੁਸੀਂ ਅੱਗ ਦੇ ਖ਼ਤਰੇ ਨੂੰ ਖ਼ਤਮ ਕਰਨ ਜਾਂ ਘੱਟ ਕਰਨ ਲਈ ਕਰ ਸਕਦੇ ਹੋ, ਖ਼ਾਸ ਤੌਰ 'ਤੇ ਜਿੱਥੇ ਇਹ ਉਦਾਹਰਨ ਤੁਹਾਡੀ ਆਪਣੀ ਸਹੂਲਤ-ਸਥਾਨ ਅਤੇ ਕਾਰਜਾਂ ਨਾਲ ਇੱਕੋ ਜਿਹੀਆਂ ਚੀਜ਼ਾਂ ਸਾਂਝੀਆਂ ਕਰਦੀ ਹੈ
- ਇੱਕ ਸਹੂਲਤ-ਸਥਾਨ ਦਾ ਨਕਸ਼ਾ (ਸਾਈਟ ਮੈਪ) ਸ਼ਾਮਲ ਕਰਦੀ ਹੈ ਜੋ ਲਿਖਤ ਜਾਣਕਾਰੀ ਵਿੱਚ ਵਿਚਾਰੇ ਗਏ ਨਿਯੰਤਰਣ ਉਪਾਵਾਂ ਨੂੰ ਦਰਸਾਉਂਦਾ ਹੈ। ਇਹ ਸਹੂਲਤ-ਸਥਾਨ ਨਕਸ਼ਾ ਐਮਰਜੈਂਸੀ ਪ੍ਰਬੰਧਨ ਉਦੇਸ਼ਾਂ ਲਈ ਸਾਈਟ ਲੇਆਉਟ ਯੋਜਨਾਵਾਂ ਨੂੰ ਨਹੀਂ ਦਰਸਾਉਂਦਾ ਹੈ
- ਅਤਿ ਗੰਭੀਰ ਜ਼ੋਖਮਾਂ ਅਤੇ ਨਿਯੰਤਰਣ ਉਪਾਵਾਂ 'ਤੇ ਧਿਆਨ-ਕੇਂਦਰਿਤ ਕਰਦੀ ਹੈ। ਇਹ ਜ਼ਰੂਰੀ ਨਹੀਂ ਕਿ ਇਹ ਹਰ ਸਥਿਤੀ ਦੇ ਸੰਬੰਧ ਵਿੱਚ ਜ਼ੋਖਮਾਂ ਅਤੇ ਨਿਯੰਤਰਣ ਉਪਾਵਾਂ ਦੀ ਇੱਕ ਵਿਸਥਾਰ ਪੂਰਵਕ ਸੂਚੀ ਪ੍ਰਦਾਨ ਕਰੇ। ਜੇਕਰ ਤੁਹਾਡੀਆਂ ਗਤੀਵਿਧੀਆਂ ਨੂੰ ਇਸ ਉਦਾਹਰਨ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ, ਜਾਂ ਢੁੱਕਵੇਂ ਢੰਗ ਨਾਲ ਸੰਬੋਧਿਤ ਨਹੀਂ ਕੀਤਾ ਗਿਆ ਹੈ, ਤਾਂ ਤੁਹਾਨੂੰ ਕਿਸੇ ਯੋਗ ਵਿਅਕਤੀ ਜਾਂ ਹੋਰ ਭਰੋਸੇਯੋਗ ਸਰੋਤ ਤੋਂ ਵਾਧੂ ਜਾਂ ਵਧੇਰੇ ਅਨੁਕੂਲਿਤ ਸਲਾਹ ਲੈਣ ਦੀ ਲੋੜ ਹੋ ਸਕਦੀ ਹੈ।

## ਇਸ ਸਹੂਲਤ-ਸਥਾਨ ਬਾਰੇ

ਨਿਕੋਲ ਦੀ ਸਹੂਲਤ ਇੱਕ ਪ੍ਰਮੁੱਖ ਖੇਤਰੀ ਇਲਾਕੇ ਵਿੱਚ ਹਰ ਸਾਲ CRWM ਦੀ ਇੱਕ ਵੱਡੀ ਮਾਤਰਾ ਦੀ ਪ੍ਰਕਿਰਿਆ ਕਰਦੀ ਹੈ ਅਤੇ ਉਸ ਕੋਲ EPA ਪਰਮਿਟ ਹੈ:


- ਹਰ ਸਮੇਂ, ਉਸ ਕੋਲ ਲਗਭਗ 6,500m $^3$ CRWM ਸਹੂਲਤ-ਸਥਾਨ 'ਤੇ ਮੌਜੂਦ ਹੁੰਦਾ ਹੈ।
- ਨਿਕੋਲ ਦੀ ਸਹੂਲਤ ਵੱਖ-ਵੱਖ ਤਰ੍ਹਾਂ ਦਾ ਕੂੜਾ-ਕਰਕਟ ਪ੍ਰਾਪਤ ਕਰਦੀ ਹੈ ਅਤੇ ਛਾਂਟਦੀ ਹੈ। ਛਾਂਟੀ ਅਤੇ ਪ੍ਰੋਸੈਸਿੰਗ ਇੱਕ ਸ਼ੈੱਡ ਦੇ ਅੰਦਰ ਹੁੰਦੀ ਹੈ, ਅਤੇ ਛਾਂਟੀ ਕੀਤੀ ਸਮੱਗਰੀ ਨੂੰ ਬਾਹਰ ਸਟੋਰ ਕੀਤਾ ਜਾਂਦਾ ਹੈ।
- ਕਿਸਮ 'ਤੇ ਨਿਰਭਰ ਕਰਦਿਆਂ, ਕੁੱਝ ਸਮੱਗਰੀਆਂ ਨੂੰ ਸਹੂਲਤ-ਸਥਾਨ ਤੋਂ ਬਾਹਰ ਲਿਜਾਣ ਤੋਂ ਪਹਿਲਾਂ ਤਿੰਨ ਤੋਂ ਛੇ ਮਹੀਨਿਆਂ ਲਈ ਸਟੋਰ ਕੀਤਾ ਜਾ ਸਕਦਾ ਹੈ। ਨਿਕੋਲ ਦੀ ਸਰੋਤ ਰਿਕਵਰੀ ਸਹੂਲਤ ਦੇ ਨਕਸ਼ੇ ਲਈ ਚਿੱਤਰ 1 ਵੇਖੋ।
- ਉਸਦੀ ਸਹੂਲਤ-ਸਥਾਨ ਇੱਕ ਉਦਯੋਗਿਕ ਖੇਤਰ ਵਿੱਚ ਸਥਿਤ ਹੈ। ਸਟੀਲ ਦੀ ਵਾੜ ਨਿਕੋਲ ਦੀ ਸਹੂਲਤ ਨੂੰ ਗੁਆਂਢੀ ਕਾਰੋਬਾਰ ਤੋਂ ਵੱਖ ਕਰਦੀ ਹੈ, ਜਿੱਥੇ ਲੱਕੜ ਦੇ ਉਤਪਾਦਾਂ ਦਾ ਭੰਡਾਰ ਹੁੰਦਾ ਹੈ।
- ਨਿਕੋਲ ਦੀ ਸਹੂਲਤ ਵਿੱਚ ਬਿਜਲੀ ਅਤੇ ਮੁੱਖ ਪਾਣੀ ਤੱਕ ਪਹੁੰਚ ਹੈ।
- ਇਮਾਰਤਾਂ ਵਿੱਚ ਅੱਗ ਸੁਰੱਖਿਆ ਪ੍ਰਣਾਲੀਆਂ (ਸਪ੍ਰਿੰਕਲਰ/ਪਾਣੀ ਦੇ ਫੁਹਾਰੇ ਅਤੇ ਅਲਾਰਮ) ਲੱਗੇ ਹੋਏ ਹਨ।
- ਹਾਲਾਂਕਿ ਉਸ ਕੋਲ ਆਪਣੀ ਬਾਹਰੀ ਸਟੋਰੇਜ ਦੀ ਕਵਰੇਜ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਫਾਇਰ ਹਾਈਡ੍ਰੈਂਟ ਹਨ, ਉਸ ਕੋਲ ਨਿਗਰਾਨੀ ਯੁਕਤ ਆਪਣੇ-ਆਪ ਚੱਲਣ ਵਾਲੀ ਅੱਗ ਦੀ ਚੇਤਾਵਨੀ ਦੇਣ ਵਾਲੀ ਪ੍ਰਣਾਲੀ (ਆਟੋਮੈਟਿਕ ਫਾਇਰ ਅਲਾਰਮ ਸਿਸਟਮ) ਨਹੀਂ ਹੈ।



Environment Protection Authority Victoria
GPO BOX 4395 Melbourne VIC 3001
1300 372 842 (1300 EPA VIC) **epa.vic.gov.au**

## ਉਦਾਹਰਨ 3:

## CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ




ਚਿੱਤਰ 1: ਅੱਗ ਲੱਗਣ ਦੇ ਜ਼ੋਖਮ ਦੇ ਮੁਲਾਂਕਣ ਨੂੰ ਪੂਰਾ ਕਰਨ ***ਤੋਂ ਪਹਿਲਾਂ*** ਨਿਕੋਲ ਦੀ ਸਹੂਲਤ। ਨੋਟ ਕਰੋ ਕਿ ਇਹ ਚਿੱਤਰ ਅਸਲੀ ਲੰਬਾਈ-ਚੌੜਾਈ ਮੁਤਾਬਕ ਨਹੀਂ ਬਣਾਇਆ ਗਿਆ ਹੈ।

# ਉਦਾਹਰਨ 3:

# CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ

## ਇਸ ਦਿਸ਼ਾ-ਨਿਰਦੇਸ਼ ਦੀ ਵਰਤੋਂ ਜ਼ੋਖਮ ਨੂੰ ਘਟਾਉਣ ਅਤੇ ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਲਈ ਕਰਨਾ

ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਲਈ, ਨਿਕੋਲ ਨੂੰ ਲਾਜ਼ਮੀ ਤੌਰ 'ਤੇ ਕਰਨਾ ਚਾਹੀਦਾ ਹੈ:

- ਆਪਣੀ ਸਹੂਲਤ ਦੀਆਂ ਗਤੀਵਿਧੀਆਂ ਨਾਲ ਜੁੜੇ ਅੱਗ ਦੇ ਖ਼ਤਰਿਆਂ ਨੂੰ ਸਮਝਣਾ
- ਅੱਗ ਲੱਗਣ ਦੇ ਜ਼ੋਖਮ ਦਾ ਮੁਲਾਂਕਣ ਅਤੇ ਦਸਤਾਵੇਜ਼ੀਕਰਨ ਕਰਨਾ
- CRWM ਨੂੰ ਇਸ ਤਰੀਕੇ ਨਾਲ ਸਟੋਰ ਕਰਨ ਅਤੇ ਪ੍ਰਬੰਧਿਤ ਕਰਨ ਲਈ ਸਾਰੇ ਵਾਜਬ ਤੌਰ 'ਤੇ ਵਿਹਾਰਕ ਕਦਮ ਚੁੱਕਣਾ ਜਿਸ ਨਾਲ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦੇ ਜ਼ੋਖਮ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।
- ਐਮਰਜੈਂਸੀ ਪ੍ਰਬੰਧਨ ਯੋਜਨਾ ਤਿਆਰ ਕਰਨਾ
- ਉਸਦੇ ਪਰਮਿਟ ਵਿੱਚ ਨਿਰਧਾਰਤ ਸ਼ਰਤਾਂ ਦੀ ਪਾਲਣਾ ਕਰਨਾ।

## ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਜ਼ੋਖਮਾਂ ਦਾ ਪ੍ਰਬੰਧਨ ਕਰਨ ਲਈ ਚਾਰ-ਪੜਾਵੀ ਪ੍ਰਕਿਰਿਆ

ਨਿਕੋਲ ਨੂੰ ਆਪਣੇ ਜ਼ੋਖਮ ਦਾ ਪ੍ਰਬੰਧਨ ਕਰਨ ਲਈ ਚਾਰ ਨਿਰੰਤਰ ਚੱਲਦੇ ਰਹਿਣ ਵਾਲੇ ਕਦਮਾਂ ਦੀ ਪਾਲਣਾ ਕਰਨ ਦੀ ਲੋੜ ਹੈ। ਉਹ ਅੱਗ ਲੱਗਣ ਦੇ ਜ਼ੋਖਮ ਦੀ ਮੁਲਾਂਕਣ ਪ੍ਰਕਿਰਿਆ ਨੂੰ ਬਣਾਉਂਦੇ ਹਨ।




## ਪਰਿਭਾਸ਼ਾਵਾਂ

**ਖ਼ਤਰਾ**: ਕੋਈ ਅਜਿਹੀ ਚੀਜ਼ ਜਿਸ ਵਿੱਚ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਹੈ, ਉਦਾਹਰਨ ਲਈ, ਹਵਾ, ਪਾਣੀ ਜਾਂ ਮਿੱਟੀ।

**ਜ਼ੋਖਮ**: ਉਹ ਖ਼ਤਰਾ ਜੋ ਕੋਈ ਖ਼ਤਰਾ ਮਨੁੱਖੀ ਸਿਹਤ ਜਾਂ ਵਾਤਾਵਰਣ ਨੂੰ ਕਰ ਸਕਦਾ ਹੈ।

**ਨਿਯੰਤਰਣ**: ਨੁਕਸਾਨਦੇਹ ਘਟਨਾਵਾਂ ਨੂੰ ਹੋਣ ਤੋਂ ਪਹਿਲਾਂ ਰੋਕਦਾ ਹੈ (ਰੋਕਥਾਮਯੋਗ ਨਿਯੰਤਰਣ) ਜਾਂ ਕਿਸੇ ਨੁਕਸਾਨਦੇਹ ਘਟਨਾ (ਨਿਯੰਤਰਣ ਨੂੰ ਘਟਾਉਣ) ਦੇ ਨਿੱਕਲਣ ਵਾਲੇ ਸਿੱਟਿਆਂ ਜਾਂ ਨੁਕਸਾਨ ਨੂੰ ਸੀਮਤ ਕਰਦਾ ਹੈ। ਨਿਯੰਤਰਣ ਉਪਾਵਾਂ ਦੀ ਲੜੀ (ਇਸ ਦਿਸ਼ਾ-ਨਿਰਦੇਸ਼ ਵਿੱਚ ਚਿੱਤਰ 8) ਨੂੰ ਇੱਕ ਤਰਜੀਹੀ ਢਾਂਚਾ (ਫਰੇਮਵਰਕ) ਪ੍ਰਦਾਨ ਕਰਕੇ ਨਿਯੰਤਰਣ ਉਪਾਵਾਂ ਦੀ ਪਛਾਣ ਅਤੇ ਚੋਣ ਦਾ ਸਮਰਥਨ ਕਰਨ ਲਈ ਵਰਤਿਆ ਜਾ ਸਕਦਾ ਹੈ।

ਨਿਕੋਲ ਚਾਰ ਪੜਾਵਾਂ ਦੀ ਪਾਲਣਾ ਕਰਦੀ ਹੈ ਅਤੇ ਇਹ ਕਾਰਵਾਈਆਂ ਕਰਦੀ ਹੈ:

| ਪੜਾਅ | ਕਾਰਵਾਈ | ਨਿਕੋਲ ਕੀ ਕਰਦੀ ਹੈ |
|---|---|---|
| 1 | **ਖ਼ਤਰਿਆਂ ਦੀ ਪਛਾਣ** - ਕਿਹੜੇ ਖ਼ਤਰੇ ਮੌਜੂਦ ਹਨ ਜੋ ਨੁਕਸਾਨ ਦਾ ਕਾਰਨ ਬਣ ਸਕਦੇ ਹਨ? | ਨਿਕੋਲ ਸਹੂਲਤ-ਸਥਾਨ 'ਤੇ ਮੌਜੂਦ CRWM ਦੀ ਵੱਡੀ ਮਾਤਰਾ ਨੂੰ ਮੁੱਖ ਖ਼ਤਰਿਆਂ ਵਿੱਚੋਂ ਇੱਕ ਦੇ ਤੌਰ ਪਛਾਣਦੀ ਹੈ, ਖ਼ਾਸ ਤੌਰ 'ਤੇ ਉਸਦੇ ਸਭ ਤੋਂ ਵੱਡੇ ਢੇਰ ਅਤੇ ਜੋ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਲਈ ਸਟੋਰ ਕੀਤੇ ਜਾਂਦੇ ਹਨ।<br>ਉਹ ਪਛਾਣ ਕਰਦੀ ਹੈ ਕਿ ਸਹੂਲਤ-ਸਥਾਨ 'ਤੇ ਲੱਗੀ ਅੱਗ ਲਾਗਲੇ ਕਾਰੋਬਾਰ ਵਿੱਚ ਫ਼ੈਲ ਸਕਦੀ ਹੈ। ਗੁਆਂਢੀ ਕਾਰੋਬਾਰ ਲੱਕੜ ਅਤੇ ਕਾਠ ਦੇ ਵੱਡੇ ਢੇਰ ਸਟੋਰ ਕਰਦਾ ਹੈ ਜੋ ਜਲਣਸ਼ੀਲ ਹਨ।<br>ਕਾਰੋਬਾਰਾਂ ਨੂੰ ਸਟੀਲ ਦੀ ਵਾੜ ਦੁਆਰਾ ਵੱਖ ਕੀਤਾ ਗਿਆ ਹੈ, ਪਰ ਗੁਆਂਢ ਵਿਚਲੇ ਲੱਕੜ ਦੇ ਢੇਰ ਅਕਸਰ ਵਾੜ ਤੋਂ ਬਹੁਤ ਉੱਚੇ ਇੱਕ-ਦੂਜੇ ਦੇ ਉਪਰ ਰੱਖੇ ਹੁੰਦੇ ਹਨ, ਅਤੇ ਕਈ ਵਾਰ ਬਿਲਕੁਲ ਨਿਕੋਲ ਦੀ ਸਹੂਲਤ ਦੀ ਸੀਮਾ ਤੱਕ ਹੁੰਦੇ ਹਨ।<br>ਨਿਕੋਲ ਨੇ ਪਛਾਣ ਕੀਤੀ ਕਿ ਅੱਗ ਲੱਗਣ ਦੀ ਸਥਿਤੀ ਵਿੱਚ, ਅੱਗ ਬੁਝਾਉਣ ਲਈ ਵਰਤਿਆ ਜਾਣ ਵਾਲਾ ਪਾਣੀ ਜਾਂ ਝੱਗ ਦੂਸ਼ਿਤ ਹੋ ਸਕਦਾ ਹੈ ਜਿੱਥੇ ਕੂੜੇ ਦੇ ਢੇਰ ਅਤੇ ਖ਼ਤਰਨਾਕ ਸਮਾਨ ਮੌਜੂਦ ਹੁੰਦਾ ਹੈ।<br>ਸੰਭਾਵੀ ਅੱਗ ਬੁਝਾਉਣ ਦੀਆਂ ਗਤੀਵਿਧੀਆਂ ਤੋਂ ਦੂਸ਼ਿਤ ਪਾਣੀ ਮੀਂਹ ਦੇ ਪਾਣੀ ਲਈ ਖ਼ਤਰਾ ਹੋਵੇਗਾ। |
| 2 | **ਜ਼ੋਖਮਾਂ ਦਾ ਮੁਲਾਂਕਣ** - ਖ਼ਤਰੇ ਦੇ ਵਾਪਰਨ ਅਤੇ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਅਤੇ ਉਸ ਨੁਕਸਾਨ ਦੇ ਨਤੀਜੇ (ਭਾਵ ਪ੍ਰਭਾਵ) ਦੇ ਆਧਾਰ 'ਤੇ ਜ਼ੋਖਮ ਕੀ ਹੈ? | ਹਰ ਇੱਕ ਖ਼ਤਰੇ ਲਈ ਜਿਸਦੀ ਨਿਕੋਲ ਨੇ ਪਛਾਣ ਕੀਤੀ ਹੈ, ਨਿਕੋਲ ਉਸ ਖ਼ਤਰੇ ਨਾਲ ਸੰਬੰਧਿਤ ਸੰਭਾਵਨਾ ਅਤੇ ਨਤੀਜੇ 'ਤੇ ਵਿਚਾਰ ਕਰਦੀ ਹੈ। ਨਿਕੋਲ ਇਸ ਜ਼ੋਖਮ ਮੁਲਾਂਕਣ ਪ੍ਰਕਿਰਿਆ ਦੇ ਦਸਤਾਵੇਜ਼ਾਂ ਵਜੋਂ ਸਾਈਟ ਜ਼ੋਖਮ ਰਜਿਸਟਰ ਵਿੱਚੋਂ ਇਸ ਜਾਣਕਾਰੀ ਨੂੰ ਹਾਸਲ ਕਰਦੀ ਹੈ।<br>ਉਹ ਨੋਟ ਕਰਦੀ ਹੈ ਕਿ ਵੱਡੇ ਢੇਰ ਅਤੇ ਲੰਬੇ ਸਮੇਂ ਲਈ ਸਟੋਰੇਜ ਅੱਗ ਲੱਗਣ ਦਾ ਵਧੇਰੇ ਜ਼ੋਖਮ ਲਿਆ ਸਕਦੀ ਹੈ। ਕੁੱਝ ਸਮਗਰੀ ਆਪਣੇ-ਆਪ ਗਰਮ ਹੁੰਦੀ ਹੈ ਜਦੋਂ ਇਹ ਲੰਬੇ ਸਮੇਂ ਲਈ ਸਟੋਰ ਕੀਤੀ ਜਾਂਦੀ ਹੈ। ਇਨ੍ਹਾਂ ਸਮੱਗਰੀਆਂ ਦਾ ਭੰਡਾਰ ਕਰਨਾ ਉਨ੍ਹਾਂ ਨੂੰ ਸਹੂਲਤ-ਸਥਾਨ 'ਤੇ ਮੌਜੂਦ ਸੰਭਾਵੀ ਅੱਗ ਲੱਗਣ ਦੇ ਸਰੋਤਾਂ ਨਾਲ ਸਾਹਮਣਾ ਕਰਵਾ ਸਕਦਾ ਹੈ।<br>ਉਹ ਮੁਲਾਂਕਣ ਕਰਦੀ ਹੈ ਕਿ ਅੱਗ ਤੇਜ਼ੀ ਨਾਲ ਉਸਦੇ ਸਟੋਰੇਜ ਖੇਤਰ ਵਿੱਚ ਪ੍ਰੋਸੈਸਿੰਗ ਸ਼ੈੱਡ ਅਤੇ ਹੋਰ ਇਮਾਰਤਾਂ ਅਤੇ ਨਾਲ ਲੱਗਦੀਆਂ ਜਾਇਦਾਦਾਂ ਵਿੱਚ ਫ਼ੈਲ ਸਕਦੀ ਹੈ।<br>ਜਿਵੇਂ ਕਿ ਨਿਕੋਲ ਦੀ ਸਹੂਲਤ-ਸਥਾਨ 'ਤੇ ਅੱਗ ਲੰਬੇ ਸਮੇਂ ਲਈ ਸੜਦੀ ਰਹਿ ਸਕਦੀ ਹੈ, ਉਹ ਨਿਰਧਾਰਤ ਕਰਦੀ ਹੈ ਕਿ ਇਸਦਾ ਆਲੇ-ਦੁਆਲੇ ਦੇ ਕਾਰੋਬਾਰਾਂ 'ਤੇ ਅਸਰ ਪਵੇਗਾ (ਜਿਵੇਂ ਕਿ ਅਸਥਾਈ ਤੌਰ 'ਤੇ ਬੰਦ ਕਰਨਾ)। ਇਸ ਦਾ ਅਸਰ ਨੇੜਲੇ ਕਾਮਿਆਂ ਅਤੇ ਵਸਨੀਕਾਂ ਦੀ ਸਿਹਤ 'ਤੇ ਵੀ ਪਵੇਗਾ।<br>ਨਿਕੋਲ ਇਹ ਵੀ ਨਿਰਧਾਰਤ ਕਰਦੀ ਹੈ ਕਿ ਅੱਗ ਲੱਗਣ ਦੀ ਸੂਰਤ ਵਿੱਚ ਉਸ ਨੂੰ ਵੱਡੀ ਮਾਤਰਾ ਵਿੱਚ ਬਲਣ ਵਾਲੀ ਸਮੱਗਰੀ ਦਾ ਪ੍ਰਬੰਧਨ ਕਰਨਾ ਮੁਸ਼ਕਲ ਹੋਵੇਗਾ।<br>ਨਿਕੋਲ ਨੇ ਮੁਲਾਂਕਣ ਕੀਤਾ ਕਿ ਅੱਗ ਬੁਝਾਉਣ ਵਾਲੀਆਂ ਗਤੀਵਿਧੀਆਂ ਤੋਂ ਪੈਦਾ ਹੋਇਆ ਪਾਣੀ ਦੂਸ਼ਿਤ ਹੋਵੇਗਾ ਜਿਸਦੇ ਮੀਂਹ ਦੇ ਪਾਣੀ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੈ। |
| 3 | **ਨਿਯੰਤਰਣ ਉਪਾਵਾਂ ਨੂੰ ਲਾਗੂ ਕਰੋ** - ਜਿੱਥੋਂ ਤੱਕ ਵਾਜਬ ਤੌਰ 'ਤੇ ਵਿਹਾਰਕ ਹਨ ਜ਼ੋਖਮ ਨੂੰ ਖ਼ਤਮ ਕਰਨ ਜਾਂ ਘਟਾਉਣ ਲਈ ਕਾਰੋਬਾਰ ਲਈ ਕਿਹੜੇ ਨਿਯੰਤਰਣ ਉਪਾਵ ਢੁੱਕਵੇਂ ਅਤੇ ਉਪਲਬਧ ਹਨ? | ਨਿਕੋਲ ਇਸ ਦਿਸ਼ਾ-ਨਿਰਦੇਸ਼ ਦੇ (ਪੰਨਾ 57-60) ਵਿੱਚ ਦੱਸੇ ਸਟੋਰੇਜ ਮਾਪਾਂ ਅਤੇ ਹਵਾ ਪ੍ਰਵਾਹ ਲਈ ਛੱਡੀ ਦੂਰੀ ਦੇ ਅਨੁਸਾਰ ਆਪਣੇ CRWM ਭੰਡਾਰ-ਢੇਰਾਂ ਦਾ ਪ੍ਰਬੰਧ ਕਰਦੀ ਹੈ।<br>ਉਹ ਆਪਣੇ ਓਪਰੇਸ਼ਨ ਸਟਾਫ਼ (ਕਾਰਜਕਾਰੀ ਅਮਲੇ) ਨਾਲ ਬੈਠਦੀ ਹੈ, ਅਤੇ ਉਹ ਵੱਡੇ, ਉੱਚ-ਜ਼ੋਖਮ ਵਾਲੇ ਭੰਡਾਰ ਢੇਰਾਂ ਨੂੰ ਛੋਟੇ ਢੇਰਾਂ ਵਿੱਚ ਵੱਖ-ਵੱਖ ਕਰਨ ਲਈ ਆਪਣੇ ਸਟੋਰੇਜ ਲੇਆਉਟ ਨੂੰ ਮੁੜ ਡਿਜ਼ਾਈਨ ਕਰਦੇ ਹਨ। ਇਹ ਅਲੱਗ-ਅਲੱਗ ਭੰਡਾਰ ਢੇਰਾਂ ਨੂੰ ਵਧੇਰੇ ਪ੍ਰਬੰਧਨਯੋਗ ਬਣਾਉਂਦਾ ਹੈ। ਕੁੱਝ ਮਾਮਲਿਆਂ ਵਿੱਚ, ਉਹ ਸਟੋਰੇਜ ਖੇਤਰ ਵਿੱਚ ਕਿਸੇ ਵੀ ਅੱਗ ਦੇ ਫ਼ੈਲਣ ਨੂੰ ਸੀਮਤ ਕਰਨ ਲਈ ਅਜੇ ਵੀ ਇੱਕ ਵਿੱਥ ਬਣਾਉਂਦੇ ਹੋਏ ਜਗ੍ਹਾ ਬਚਾਉਣ ਲਈ ਕੰਕਰੀਟ ਬੰਕਰਾਂ ਅਤੇ ਅੱਗ ਰੋਕੂ ਕੰਧਾਂ ਦੀ ਵਰਤੋਂ ਕਰਦੀ ਹੈ।<br>ਨਿਕੋਲ ਭੰਡਾਰ-ਢੇਰ ਦੀ ਉਚਾਈ ਨੂੰ ਘਟਾਉਂਦੀ ਹੈ ਜਾਂ ਚਾਰ ਮੀਟਰ ਦੀ ਹੱਦ ਨਿਰਧਾਰਤ ਕਰਦੀ ਹੈ ਅਤੇ ਬੰਕਰਾਂ ਵਿੱਚ ਭੰਡਾਰਾਂ ਨੂੰ ਬੰਕਰ ਦੀ ਕੰਧ ਦੇ ਸਿਖ਼ਰ ਤੋਂ ਘੱਟੋ-ਘੱਟ ਇੱਕ ਮੀਟਰ ਤੱਕ ਪ੍ਰਬੰਧਿਤ ਕਰਦੀ ਹੈ। ਉਹ ਆਪਣੇ CRWM ਭੰਡਾਰ-ਢੇਰਾਂ ਅਤੇ ਲੱਕੜ ਯਾਰਡ ਦੀ ਸੀਮਾ ਵਾੜ ਦੇ ਵਿਚਕਾਰ (ਚਿੱਤਰ 18 ਅਤੇ ਚਿੱਤਰ 19 ਵਿੱਚ ਦਿਸ਼ਾ-ਨਿਰਦੇਸ਼ ਵਿੱਚ ਪਰਿਭਾਸ਼ਿਤ ਦੂਰੀਆਂ ਨੂੰ ਲਾਗੂ ਕਰਦੇ ਹੋਏ) ਇੱਕ ਢੁੱਕਵੀਂ ਖਾਲੀ ਥਾਂ ਹਵਾ ਦੇ ਪ੍ਰਵਾਹ ਲਈ ਛੱਡਦੀ ਹੈ। ਇਹ CRWM ਅਤੇ ਗੁਆਂਢੀ ਸੰਪਤੀਆਂ ਵਿਚਕਾਰ ਅੱਗ ਫ਼ੈਲਣ ਦੇ ਜ਼ੋਖਮ ਨੂੰ ਘਟਾਉਂਦਾ ਹੈ। |

# ਉਦਾਹਰਨ 1:

## CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ

| ਪੜਾਅ | ਕਾਰਵਾਈ | ਨਿਕੋਲ ਕੀ ਕਰਦੀ ਹੈ |
|---|---|---|
| | | ਨਿਕੋਲ ਦੇਖਦੀ ਹੈ ਕਿ ਉਸਨੇ ਬਾਹਰ ਸਟੋਰ ਕੀਤੇ CRWM ਨੂੰ ਘਟਾ ਦਿੱਤਾ ਹੈ ਅਤੇ ਇਹ ਜਾਣ ਕੇ ਵਧੇਰੇ ਸਹਿਜ ਮਹਿਸੂਸ ਕਰਦੀ ਹੈ ਕਿ ਉਹ ਅੱਗ ਦੇ ਖ਼ਤਰੇ ਦਾ ਬਿਹਤਰ ਪ੍ਰਬੰਧਨ ਕਰ ਸਕਦੀ ਹੈ। ਕੂੜੇ ਦੇ ਢੇਰ ਦਾ ਨਵਾਂ ਪ੍ਰਬੰਧ ਵਿਕਟੋਰੀਅਨ ਵਾਤਾਵਰਨ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਵੀ ਮੱਦਦ ਕਰੇਗਾ। ਆਪਣੇ ਢੇਰ ਦੇ ਆਕਾਰ ਨੂੰ ਘਟਾਉਣ ਲਈ, ਨਿਕੋਲ ਨੇ ਕੁੱਝ ਕੂੜੇ ਦੇ ਢੇਰਾਂ ਦੇ ਲੰਬੇ ਸਮੇਂ ਲਈ ਸਟੋਰੇਜ ਨੂੰ ਘਟਾਉਣ ਦੀ ਯੋਜਨਾ ਬਣਾਈ ਹੈ।<br><br>ਨਿਕੋਲ ਆਪਣੇ-ਆਪ ਗਰਮ ਹੋਣ ਦੇ ਉੱਚ ਜ਼ੋਖਮ ਵਾਲੀਆਂ ਸਮੱਗਰੀਆਂ ਦੀ ਪਛਾਣ ਕਰਦੀ ਹੈ ਅਤੇ ਉਨ੍ਹਾਂ ਦੀ ਛਾਂਟੀ ਕਰਨ ਨੂੰ ਤਰਜੀਹ ਦਿੰਦੀ ਹੈ। ਇਹ ਉਸਨੂੰ ਆਪਣੇ-ਆਪ ਬਲਨ ਦੇ ਜ਼ੋਖਮ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਅਤੇ ਪ੍ਰਬੰਧਨ ਕਰਨ ਦੀ ਆਗਿਆ ਦੇਵੇਗਾ।<br><br>ਨਿਕੋਲ ਦਾ ਸਟਾਫ਼ ਤਾਪਮਾਨ ਜਾਂਚਣ ਵਾਲੇ ਸੂਏ ਦੀ ਵਰਤੋਂ ਕਰਕੇ ਅੰਦਰੂਨੀ ਕੂੜੇ ਦੇ ਢੇਰ ਦੇ ਤਾਪਮਾਨ ਨੂੰ ਮਾਪਦਾ ਅਤੇ ਰਿਕਾਰਡ ਕਰਦਾ ਹੈ। ਇਹ ਹਫ਼ਤੇ ਵਿੱਚ ਇੱਕ ਵਾਰ, ਜਾਂ ਗਰਮ ਮੌਸਮ ਵਿੱਚ ਰੋਜ਼ਾਨਾ ਕੀਤਾ ਜਾਂਦਾ ਹੈ। ਜਦੋਂ ਅੰਦਰੂਨੀ ਢੇਰ ਦਾ ਤਾਪਮਾਨ ਨਾਜ਼ੁਕ ਸੀਮਾ (ਥ੍ਰੈਸ਼ਹੋਲਡ) 'ਤੇ ਪਹੁੰਚ ਜਾਂਦਾ ਹੈ, ਤਾਂ ਢੇਰਾਂ ਉਪਰ ਪਾਣੀ ਛਿੜਕਿਆ ਜਾਂਦਾ ਹੈ ਜਾਂ ਲੋਡਰ ਦੀ ਵਰਤੋਂ ਕਰਕੇ ਥੱਲਿਆ ਜਾਂਦਾ ਹੈ। ਜਦੋਂ ਸਟਾਫ਼ ਕੂੜੇ ਦੇ ਢੇਰ ਨੂੰ ਥੱਲਦਾ ਹੈ, ਤਾਂ ਉਹ ਇਨਫਰਾਰੈੱਡ ਥਰਮਾਮੀਟਰ ਦੀ ਵਰਤੋਂ ਕਰਕੇ ਗਰਮ ਥਾਵਾਂ ਦੀ ਭਾਲ ਕਰਦੇ ਹਨ।<br><br>ਨਿਕੋਲ ਅੱਗ ਬੁਝਾਊ ਪਾਣੀ ਅਤੇ ਦੂਸ਼ਿਤ ਪਾਣੀ ਨੂੰ ਮੀਂਹ ਦੇ ਪਾਣੀ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਮੀਂਹ ਦੇ ਪਾਣੀ ਵਾਲੀਆਂ ਡਰੇਨਾਂ ਵਿੱਚ ਬੰਦ ਕਰਨ ਵਾਲੇ ਵਾਲਵ ਲਗਵਾਉਂਦੀ ਹੈ।<br><br>**ਐਮਰਜੈਂਸੀ ਪ੍ਰਬੰਧਨ ਯੋਜਨਾ**<br><br>ਨਿਕੋਲ ਅੱਗ ਦੇ ਖ਼ਤਰੇ ਦੇ ਮੁਲਾਂਕਣ ਦਾ ਦਸਤਾਵੇਜ਼ੀਕਰਨ ਕਰਦੇ ਹੋਏ ਮੌਜੂਦਾ ਖ਼ਤਰੇ ਅਤੇ ਜ਼ੋਖਮ ਰਜਿਸਟਰ ਨੂੰ ਅਪਡੇਟ ਕਰਦੀ ਹੈ, ਜਿਸ ਵਿੱਚ ਵਾਧੂ ਖ਼ਤਰੇ, ਅਤੇ ਲਾਗੂ ਕੀਤੇ ਗਏ ਨਿਯੰਤਰਣ ਅਤੇ ਜਾਂਚਾਂ ਸ਼ਾਮਲ ਹਨ।<br><br>ਨਿਕੋਲ ਅਤੇ ਉਸਦੇ ਚਾਰ ਸਟਾਫ਼ ਮੈਂਬਰਾਂ ਨੇ ਆਪਣੀ ਐਮਰਜੈਂਸੀ ਯੋਜਨਾ ਕਮੇਟੀ ਲਈ ਸਹੂਲਤ-ਸਥਾਨ ਦੇ ਫਾਇਰ ਵਾਰਡਨ ਅਤੇ ਭੂਮਿਕਾਵਾਂ ਨੂੰ ਨਾਮਜ਼ਦ ਕੀਤਾ। ਫਾਇਰ ਵਾਰਡਨ ਅੱਗ ਲੱਗਣ ਦੀ ਸਥਿਤੀ ਵਿੱਚ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰੇਗਾ।<br><br>ਨਿਕੋਲ ਐਮਰਜੈਂਸੀ ਪ੍ਰਬੰਧਨ ਯੋਜਨਾ ਵਿੱਚ ਇੱਕ ਅਪਡੇਟ ਕੀਤੀ ਸਹੂਲਤ-ਸਥਾਨ ਲੇਆਉਟ ਯੋਜਨਾ, ਵਸਤੂ ਸੂਚੀ ਅਤੇ ਸੰਕਟਕਾਲੀਨ ਪ੍ਰਕਿਰਿਆਵਾਂ ਨੂੰ ਸ਼ਾਮਿਲ ਕਰਦੀ ਹੈ। ਸੰਬੰਧਿਤ ਜਾਣਕਾਰੀ ਉਸ ਦੀ ਐਮਰਜੈਂਸੀ ਜਾਣਕਾਰੀ ਬੁੱਕ ਵਿੱਚ ਸ਼ਾਮਲ ਕੀਤੀ ਗਈ ਹੈ।<br><br>ਐਮਰਜੈਂਸੀ ਜਾਣਕਾਰੀ ਨੂੰ ਸਥਾਨ ਪਰਿਵਰਤਤ ਐਮਰਜੈਂਸੀ ਜਾਣਕਾਰੀ ਕੰਟੇਨਰ ਵਿੱਚ ਸਟੋਰ ਕੀਤਾ ਜਾਂਦਾ ਹੈ। ਇਹ ਕੰਟੇਨਰ ਹੁਣ ਇਮਾਰਤ ਦੇ ਅੰਦਰ ਰੱਖਣ ਦੀ ਬਜਾਏ ਸਾਹਮਣੇ ਵਾਲੇ ਗੇਟ 'ਤੇ ਬਣੇ *ਬੂਮ ਦੇ ਸਾਹਮਣੇ* ਸਥਿਤ ਹੈ। |
| 4 | **ਨਿਯੰਤਰਣ ਉਪਾਵਾਂ ਦੀ ਜਾਂਚ ਕਰੋ** - ਇਹ ਯਕੀਨੀ ਬਣਾਉਣ ਲਈ ਨਿਯੰਤਰਣ ਉਪਾਵਾਂ ਦੀ ਸਮੀਖਿਆ ਕਰੋ ਕਿ ਉਹ ਪ੍ਰਭਾਵਸ਼ਾਲੀ ਹਨ। | ਨਿਕੋਲ ਨੇ ਸਹੂਲਤ-ਸਥਾਨ ਦੇ ਖ਼ਤਰਿਆਂ, ਜ਼ੋਖਮਾਂ ਅਤੇ ਨਿਯੰਤਰਣ ਉਪਾਵਾਂ ਨੂੰ ਰਿਕਾਰਡ ਕੀਤਾ ਹੈ, ਅਤੇ ਇਹ ਕਿ ਜ਼ੋਖਮ ਅਤੇ ਜ਼ੋਖਮ ਰਜਿਸਟਰ ਵਿੱਚ ਪ੍ਰਭਾਵਸ਼ੀਲਤਾ ਲਈ ਨਿਯੰਤਰਣ ਉਪਾਵਾਂ ਦੀ ਜਾਂਚ ਕਿਵੇਂ ਕੀਤੀ ਜਾਵੇਗੀ। ਇਹ ਜ਼ੋਖਮ ਮੁਲਾਂਕਣ ਦਾ ਦਸਤਾਵੇਜ਼ੀ ਸਬੂਤ ਹੈ।<br><br>ਨਿਕੋਲ ਦੀ ਸਹੂਲਤ-ਸਥਾਨ 'ਤੇ ਪਹਿਲਾਂ ਤੋਂ ਹੀ ਨੋ-ਸਮੋਕਿੰਗ (ਸਿਗਰਟਨੋਸ਼ੀ 'ਤੇ ਪਾਬੰਦੀ) ਨੀਤੀ ਅਤੇ ਗਰਮ ਕੰਮ ਕਰਨ ਵਾਲੀਆਂ ਨੀਤੀਆਂ ਲਾਗੂ ਹਨ, ਨਾਲ ਹੀ ਅੱਗ ਲਗਾਉਣ ਦੇ ਸਰੋਤਾਂ ਦੇ ਜ਼ੋਖਮਾਂ ਨੂੰ ਘਟਾਉਣ ਲਈ ਇੱਕ ਹਫ਼ਤਾਵਾਰੀ ਹਾਊਸਕੀਪਿੰਗ (ਸਾਫ਼-ਸਫ਼ਾਈ) ਸਮਾਂ-ਸਾਰਣੀ ਲਾਗੂ ਹੈ। ਉਹ ਯਕੀਨੀ ਬਣਾਉਂਦੀ ਹੈ ਕਿ ਰੋਜ਼ਾਨਾ ਬੰਦ ਹੋਣ ਦੇ ਸਮੇਂ ਦੌਰਾਨ ਸੀਨੀਅਰ ਸਟਾਫ਼ ਦੁਆਰਾ ਇਹਨਾਂ ਨੀਤੀਆਂ ਦੀ ਪਾਲਣਾ ਕੀਤੀ ਜਾ ਰਹੀ ਹੈ ਅਤੇ ਦਸਤਖ਼ਤ ਕੀਤੇ ਜਾ ਰਹੇ ਹਨ।<br><br>ਉਹ ਨਿਯੰਤਰਣ ਉਪਾਵਾਂ ਦੇ ਨਿਰੀਖਣ ਅਤੇ ਰੱਖ-ਰਖਾਅ ਲਈ ਇੱਕ ਲੌਗ ਬਣਾਉਂਦੀ ਹੈ, ਅਤੇ ਇਸ ਵਿੱਚ ਢੇਰ ਦੇ ਤਾਪਮਾਨ ਦੀ ਨਿਗਰਾਨੀ ਵਿੱਚ ਵਰਤੇ ਜਾਣ ਵਾਲੇ ਉਪਕਰਣ ਸ਼ਾਮਲ ਹੁੰਦੇ ਹਨ। ਨਿਕੋਲ ਜ਼ਰੂਰੀ ਸੁਰੱਖਿਆ ਉਪਾਵਾਂ ਦੀ ਰਿਪੋਰਟ ਸਮੇਤ ਸਾਰੇ ਦਸਤਾਵੇਜ਼ਾਂ ਨੂੰ ਤੁਰੰਤ ਪਹੁੰਚ ਲਈ ਕੇਂਦਰੀ ਸਥਾਨ 'ਤੇ ਰੱਖਦੀ ਹੈ।<br><br>ਨਿਕੋਲ ਸਹੂਲਤ-ਸਥਾਨ ਲਈ ਸਾਲਾਨਾ ਜ਼ਰੂਰੀ ਸੁਰੱਖਿਆ ਉਪਾਵਾਂ ਦੀ ਦੇਖਭਾਲ ਅਤੇ ਰੱਖ-ਰਖਾਅ ਲਈ ਦਸਤਾਵੇਜ਼ ਰੱਖਦੀ ਹੈ, ਜੋ ਨਿਰਮਾਤਾ ਦੀਆਂ ਹਿਦਾਇਤਾਂ ਦੇ ਅਨੁਸਾਰ ਹਨ। ਇਹ ਦਰਸਾਉਂਦਾ ਹੈ ਕਿ ਇਮਾਰਤ ਦੀਆਂ ਮਹੱਤਵਪੂਰਨ ਸੁਰੱਖਿਆ ਪ੍ਰਣਾਲੀਆਂ ਕੰਮ ਕਰ ਰਹੀਆਂ ਹਨ ਅਤੇ ਕਾਰਜਸ਼ੀਲ ਹਨ। ਨਿਕੋਲ ਇਹ ਯਕੀਨੀ ਬਣਾਉਂਦੀ ਹੈ ਕਿ ਪੇਸ਼ੇਵਰਾਂ ਦੁਆਰਾ ਅੰਦਰੂਨੀ ਅੱਗ ਸੁਰੱਖਿਆ ਪ੍ਰਣਾਲੀਆਂ ਦੀ ਸਹੀ ਢੰਗ ਨਾਲ ਜਾਂਚ ਅਤੇ ਰੱਖ-ਰਖਾਅ ਕੀਤਾ ਜਾ ਰਿਹਾ ਹੈ। |

# ਉਦਾਹਰਨ 1:

# CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ

## ਚਾਰ-ਪੜਾਵੀ ਜ਼ੋਖਮ ਪ੍ਰਬੰਧਨ ਪ੍ਰਕਿਰਿਆ ਦਾ ਦਸਤਾਵੇਜ਼ੀਕਰਨ

ਨਿਕੋਲ ਆਪਣੀ ਰਹਿੰਦ-ਖੂੰਹਦ ਅਤੇ ਸਰੋਤ ਰਿਕਵਰੀ ਸਹੂਲਤ 'ਤੇ ਖ਼ਤਰਿਆਂ, ਸੰਭਾਵੀ ਕਾਰਨਾਂ ਅਤੇ ਪ੍ਰਭਾਵਾਂ ਨੂੰ ਕਿਵੇਂ ਦਰਜ ਕਰ ਸਕਦੀ ਹੈ, ਅਤੇ ਉਹ ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਪ੍ਰਬੰਧਿਤ ਕਰੇਗੀ, ਇਸ ਬਾਰੇ ਉਦਾਹਰਨ ਲਈ ਇਸ ਦਿਸ਼ਾ-ਨਿਰਦੇਸ਼ ਵਿੱਚ ਸਾਰਣੀ 11 ਦੇਖੋ।

ਨਿਕੋਲ ਆਪਣੀ ਸਹੂਲਤ-ਸਥਾਨ ਅੱਗ ਦੇ ਜ਼ੋਖਮ ਮੁਲਾਂਕਣ ਦੀਆਂ ਕਾਰਵਾਈਆਂ ਦੇ ਹਿੱਸੇ ਵਜੋਂ ਖ਼ਤਰੇ ਅਤੇ ਜ਼ੋਖਮ ਰਜਿਸਟਰ ਦੀ ਸਮੀਖਿਆ ਅਤੇ ਅਪਡੇਟ ਕਰੇਗੀ। ਉਹ ਯਕੀਨੀ ਬਣਾਉਂਦੀ ਹੈ ਕਿ ਕਿ ਉਸਦੇ ਨਿਯੰਤਰਣ ਉਪਾਵਾਂ ਨੂੰ ਲਾਗੂ ਕਰਨਾ ਉਨ੍ਹਾਂ ਜ਼ੋਖਮਾਂ ਦੇ ਅਨੁਪਾਤੀ ਹੈ ਜੋ ਉਸਦੀ ਵਪਾਰਕ ਗਤੀਵਿਧੀਆਂ ਨੂੰ ਦਰਸਾਉਂਦੇ ਹਨ।




ਚਿੱਤਰ 2: ਨਿਯੰਤਰਣ ਉਪਾਅ ਲਾਗੂ ਕੀਤੇ ਜਾਣ ***ਤੋਂ ਬਾਅਦ*** ਨਿਕੋਲ ਦੀ ਸਹੂਲਤ। ਨੋਟ ਕਰੋ ਕਿ ਚਿੱਤਰ ਅਸਲੀ ਲੰਬਾਈ-ਚੌੜਾਈ ਮੁਤਾਬਕ ਨਹੀਂ ਬਣਾਇਆ ਗਿਆ ਹੈ।

# ਉਦਾਹਰਨ 1:
# CRWM ਦਿਸ਼ਾ-ਨਿਰਦੇਸ਼ ਨੂੰ ਕਿਵੇਂ ਲਾਗੂ ਕਰਨਾ ਹੈ

## ਕਾਰਗੁਜ਼ਾਰੀ ਉਦੇਸ਼ਾਂ ਅਤੇ ਉਮੀਦ ਕੀਤੇ ਨਤੀਜਿਆਂ ਨੂੰ ਪੂਰਾ ਕਰਨਾ



ਨਿਕੋਲ ਪ੍ਰਦਰਸ਼ਿਤ ਕਰਦੀ ਹੈ ਕਿ ਉਸਨੇ ਇਸ ਦਿਸ਼ਾ-ਨਿਰਦੇਸ਼ ਵਿੱਚ ਇਹਨਾਂ ਕਾਰਗੁਜ਼ਾਰੀ ਦੇ ਉਦੇਸ਼ਾਂ ਅਤੇ ਉਮੀਦ ਕੀਤੇ ਨਤੀਜਿਆਂ ਨੂੰ ਪੂਰਾ ਕਰਕੇ ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਲਈ ਕਿਵੇਂ ਉਚਿੱਤ ਕਦਮ ਚੁੱਕੇ ਹਨ:

- ਅੱਗ ਤੋਂ ਜ਼ੋਖਮ ਦਾ ਮੁਲਾਂਕਣ ਕਰਨਾ - ਅਧਿਆਇ 3 ਦੇਖੋ।
- ਆਪਣੇ ਅੱਗ ਦੇ ਖ਼ਤਰਿਆਂ ਅਤੇ ਜ਼ੋਖਮਾਂ ਨੂੰ ਕੰਟਰੋਲ ਕਰਨਾ - ਅਧਿਆਇ 4 ਦੇਖੋ।
- ਪ੍ਰਭਾਵੀ ਸਟੋਰੇਜ ਪ੍ਰਬੰਧਨ ਨਿਯੰਤਰਣ ਉਪਾਅ - ਅਧਿਆਇ 5 ਦੇਖੋ।

ਜੇਕਰ ਨਿਕੋਲ ਦੀ ਸਹੂਲਤ-ਸਥਾਨ ਦੇ ਸੰਚਾਲਨ ਦੀਆਂ ਗਤੀਵਿਧੀਆਂ ਦੇ ਹਾਲਾਤ ਬਦਲ ਜਾਂਦੇ ਹਨ ਅਤੇ ਉਹ ਹੁਣ ਸਟੋਰੇਜ ਮਾਪਾਂ ਅਤੇ ਹਵਾ ਪ੍ਰਵਾਹ ਲਈ ਖਾਲੀ ਥਾਂ ਦੀ ਦੂਰੀ (ਪੰਨਾ 57 - 60) ਦੀ ਵਰਤੋਂ ਕਰਦੇ ਹੋਏ ਆਪਣੇ CRWM ਸਟੋਰੇਜ ਦੇ ਭੰਡਾਰ ਢੇਰਾਂ ਦਾ ਪ੍ਰਬੰਧ ਨਹੀਂ ਕਰ ਸਕਦੀ ਹੈ, ਤਾਂ ਉਸਨੂੰ ਇਹ ਦਿਖਾਉਣ ਲਈ ਵਾਧੂ ਨਿਯੰਤਰਣ ਉਪਾਅ ਸ਼ਾਮਲ ਕਰਨ ਦੀ ਲੋੜ ਹੋ ਸਕਦੀ ਹੈ ਕਿ ਉਹ ਜਿੱਥੋਂ ਤੱਕ ਅਜਿਹਾ ਕਰਨਾ ਵਾਜਬ ਤੌਰ 'ਤੇ ਵਿਹਾਰਕ ਹੈ ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਆਪਣੇ ਜ਼ੋਖਮਾਂ ਨੂੰ ਸੰਭਵ ਹੱਦ ਤੱਕ ਘੱਟ ਤੋਂ ਘੱਟ ਕਰ ਰਹੀ ਹੈ।

## ਹੋਰ ਜਾਣਕਾਰੀ

- *ਜ਼ੋਖਮ ਦਾ ਮੁਲਾਂਕਣ ਅਤੇ ਨਿਯੰਤਰਣ ਉਪਾਅ: ਕਾਰੋਬਾਰ ਲਈ ਇੱਕ ਗਾਈਡ* (ਪ੍ਰਕਾਸ਼ਨ 1695)
- *ਜਲਨਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ*
- *ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਦਾ ਪ੍ਰਬੰਧਨ ਅਤੇ ਸਟੋਰੇਜ - ਦਿਸ਼ਾ-ਨਿਰਦੇਸ਼* (ਪ੍ਰਕਾਸ਼ਨ 1667)
- *ਅੱਗ ਦੀ ਰੋਕਥਾਮ: ਜਲਨਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਤੱਥ ਸ਼ੀਟ* (ਪ੍ਰਕਾਸ਼ਨ 1759)
- *ਉਦਯੋਗ ਮਾਰਗਦਰਸ਼ਨ: ਆਮ ਵਾਤਾਵਰਨ ਡਿਊਟੀ ਦੀ ਪਾਲਣਾ ਕਰਨ ਲਈ ਤੁਹਾਡੀ ਸਹਾਇਤਾ ਕਰ ਰਿਹਾ ਹੈ* (ਪ੍ਰਕਾਸ਼ਨ 1741.1)
- *ਵਾਜਬ ਤੌਰ 'ਤੇ ਵਿਹਾਰਕ* (ਪ੍ਰਕਾਸ਼ਨ 1856)
- *ਮੰਨਜ਼ੂਰੀ ਸਕੀਮ - ਨੀਤੀ* (ਪ੍ਰਕਾਸ਼ਨ 1799.2)
- *ਕੂੜੇ-ਕਰਕਟ ਦੇ ਫਰੇਮਵਰਕ ਦਾ ਸੰਖੇਪ* (ਪ੍ਰਕਾਸ਼ਨ 1756.2)
- *ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਦਾ ਪ੍ਰਬੰਧਨ ਅਤੇ ਸਟੋਰੇਜ - ਛੱਤ ਹੇਠ ਸਟੋਰ ਕਰਨ ਸੰਬੰਧੀ ਦਿਸ਼ਾ ਨਿਰਦੇਸ਼*

ਇਹ ਪ੍ਰਕਾਸ਼ਨ ਜਾਣਕਾਰੀ ਸਿਰਫ਼ ਆਮ ਮਾਰਗਦਰਸ਼ਨ ਲਈ ਹੈ। ਜੇਕਰ ਤੁਹਾਨੂੰ ਕੋਈ ਖ਼ਾਸ ਚਿੰਤਾ ਹੈ ਤਾਂ ਤੁਹਾਨੂੰ ਪੇਸ਼ੇਵਰ ਸਲਾਹ ਲੈਣੀ ਚਾਹੀਦੀ ਹੈ। EPA ਵਿਕਟੋਰੀਆ ਨੇ ਪ੍ਰਕਾਸ਼ਨ ਦੇ ਸਮੇਂ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਹਰ ਉਚਿੱਤ ਕੋਸ਼ਿਸ਼ ਕੀਤੀ ਹੈ।

ਇਹ ਕੰਮ ਕਰੀਏਟਿਵ ਕਾਮਨਜ਼ ਐਟ੍ਰੀਬਿਊਸ਼ਨ 4.0 ਲਾਇਸੈਂਸ ਦੇ ਤਹਿਤ ਲਾਇਸੈਂਸਸ਼ੁਦਾ ਹੈ।

ਇਸ ਪ੍ਰਕਾਸ਼ਨ ਬਾਰੇ ਔਨਲਾਈਨ ਫੀਡਬੈਕ ਦਿਓ: epa.vic.gov.au/publication-feedback



EPA ਐਬੋਰਿਜ਼ਨਲ ਲੋਕਾਂ ਨੂੰ ਉਸ ਜ਼ਮੀਨ ਅਤੇ ਪਾਣੀ ਦੇ ਪਹਿਲੇ ਲੋਕ ਅਤੇ ਪਰੰਪਰਾਗਤ ਸਰਪ੍ਰਸਤਾਂ ਵਜੋਂ ਮੰਨਦਾ ਹੈ ਜਿਸ 'ਤੇ ਅਸੀਂ ਰਹਿੰਦੇ, ਕੰਮ ਕਰਦੇ ਅਤੇ ਨਿਰਭਰ ਕਰਦੇ ਹਾਂ। ਅਸੀਂ ਅਤੀਤ ਅਤੇ ਵਰਤਮਾਨ ਦੇ ਐਬੋਰਿਜ਼ਨਲ ਬਜ਼ੁਰਗਾਂ ਦਾ ਸਤਿਕਾਰ ਕਰਦੇ ਹਾਂ।

ਵਿਕਟੋਰੀਆ ਦੇ ਵਾਤਾਵਰਣ ਰੈਗੂਲੇਟਰ (ਨਿਯੰਤ੍ਰਕ) ਹੋਣ ਦੇ ਨਾਤੇ, ਅਸੀਂ ਇਸ ਗੱਲ ਦਾ ਆਦਰ ਕਰਦੇ ਹਾਂ ਕਿ ਕਿਵੇਂ ਕਈ ਹਜ਼ਾਰਾਂ ਸਾਲਾਂ ਤੋਂ ਐਬੋਰਿਜ਼ਨਲ ਲੋਕਾਂ ਦੁਆਰਾ ਦੇਸ਼ ਦੀ ਰੱਖਿਆ ਅਤੇ ਦੇਖਭਾਲ ਕੀਤੀ ਗਈ ਹੈ।

ਅਸੀਂ ਪਰੰਪਰਾਗਤ ਮਾਲਕਾਂ ਲਈ ਜ਼ਮੀਨ, ਪਾਣੀ ਅਤੇ ਵਾਤਾਵਰਣ ਵਿੱਚ ਮੌਜੂਦ ਸਭ ਕੁੱਝ ਦੇ ਵਿਲੱਖਣ ਅਧਿਆਤਮਿਕ ਅਤੇ ਸੱਭਿਆਚਾਰਕ ਮਹੱਤਵ ਨੂੰ ਸਵੀਕਾਰ ਕਰਦੇ ਹਾਂ, ਅਤੇ ਦੇਸ਼ ਨਾਲ ਉਨ੍ਹਾਂ ਦੇ ਨਿਰੰਤਰ ਚੱਲੇ ਆ ਰਹੇ ਸੰਬੰਧ ਅਤੇ ਇੱਛਾਵਾਂ ਨੂੰ ਪਛਾਣਦੇ ਹਾਂ।

Interpreter

ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਲਈ, ਕਿਰਪਾ ਕਰਕੇ **131 450** ' ਤੇ ਫ਼ੋਨ ਕਰੋ।
ਅਗਲੇ ਪੜਾਵਾਂ ਲਈ **epa.vic.gov.au/about-epa/contact-us/languages** ' ਤੇ ਜਾਓ।
ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਸੰਬੰਧੀ ਕਮਜ਼ੋਰੀ ਦੇ ਕਾਰਨ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ **accesshub.gov.au** ' ਤੇ ਜਾਓ।